# ਪਬਲਿਕ ਨੋਟਿਸ

ਨੰਬਰ (ਈ-711675/2024)/(ਪੀ-3) ਮਿਤੀ 19.07.2024

**ਸਿਵਲ ਰਿੱਟ ਪਟੀਸ਼ਨ ਨੰਬਰ 4882 ਆਫ 2014- ਸੁਖਦੀਪ ਸਿੰਘ ਅਤੇ ਹੋਰ ਬਨਾਮ ਸਟੇਟ ਅਤੇ ਹੋਰ ਨਾਲ ਕੁਨੈਕਟਡ ਕੇਸਾਂ ਵਿੱਚ ਮਾਨਯੋਗ ਹਾਈਕੋਰਟ ਵੱਲੋਂ ਦਿੱਤੇ ਗਏ ਫੈਸਲੇ ਦੇ ਸਨਮੁੱਖ ਓ.ਸੀ.ਟੀ. ਕਾਡਰ ਤੋਂ ਮਾਸਟਰ ਕਾਡਰ ਦੀਆਂ ਕੀਤੀਆਂ ਗਈਆਂ ਪਦ-ਉੱਨਤੀਆਂ ਦੇ ਰੀਵਿਊ ਸਬੰਧੀ।**

1. ਓ.ਸੀ.ਟੀ. ਕਾਡਰ ਦੇ ਕਰਮਚਾਰੀਆਂ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਵੱਖ-2 ਰਿੱਟ ਪਟੀਸ਼ਨਾਂ ਰਾਹੀਂ ਓ.ਸੀ.ਟੀ. ਕਾਡਰ ਤੋਂ ਮਾਸਟਰ ਕਾਡਰ ਦੇ ਵੱਖ-2 ਵਿਸ਼ਿਆਂ ਵਿੱਚ ਕੀਤੀਆਂ ਗਈਆਂ ਪਦ-ਉੱਨਤੀਆਂ ਨੂੰ ਚੈਲੇਂਜ ਕਰਦਿਆਂ, ਉਨਾਂ ਦੇ ਜੂਨੀਅਰ ਕਰਮਚਾਰੀ ਦੀ ਪਦ-ਉੱਨਤੀ ਦੀ ਮਿਤੀ ਤੋਂ ਮਾਸਟਰ ਕਾਡਰ ਵਿੱਚ ਪਦ-ਉੱਨਤੀਆਂ ਦੀ ਮੰਗ ਕੀਤੀ ਹੈ।
2. ਸਮੂਹ ਕੋਰਟ ਕੇਸਾਂ ਨੂੰ ਘੋਖਣ ਤੇ ਇਹ ਸਾਹਮਣੇ ਆਇਆ ਹੈ ਕਿ ਸਾਲ 2006 ਵਿੱਚ ਨਿਯੁਕਤ ਕੀਤੇ ਗਏ ਓ.ਸੀ.ਟੀ. ਕਾਡਰ (ਪੀ.ਟੀ.ਆਈ.) ਦੇ ਕਰਮਚਾਰੀਆਂ ਦੀ ਇੰਟਰਸੇ ਸੀਨੀਆਰਤਾ ਮੈਰਿਟ ਦੇ ਆਧਾਰ ਤੇ ਫਿਕਸ ਕਰਦਿਆਂ 01.04.2010 ਅਤੇ 31.12.2015 ਨੂੰ ਓ.ਸੀ.ਟੀ. ਕਾਡਰ ਤੋਂ ਮਾਸਟਰ ਕਾਡਰ ਵਿੱਚ ਕੀਤੀਆਂ ਗਈਆਂ ਪਦ-ਉੱਨਤੀਆਂ ਰੀਵਿਊ ਕਰਨੀਆਂ ਬਣਦੀਆਂ ਹਨ।
3. ਇਸ ਲਈ ਜਿੰਨਾਂ ਕਰਮਚਾਰੀਆਂ ਦੀ ਫਿਜੀਕਲੀ ਜਾਂ ਨੋਸ਼ਨਲੀ ਨਿਯੁਕਤੀ ਦੀ ਮਿਤੀ ਨਿਯੁਕਤੀ ਦੀ ਮਿਤੀ ਸਾਲ 2006 ਦੀ ਹੈ ਅਤੇ ਉਹ ਮਿਤੀ 30.08.2008 (ਕੱਟ ਆਫ ਡੇਟ) ਤੱਕ ਮਾਸਟਰ ਕਾਡਰ ਦੀ ਪਦ-ਉੱਨਤੀ ਦੀ ਯੋਗਤਾ ਪੂਰੀ ਕਰਦੇ ਹਨ, ਅਤੇ ਜਿੰਨਾਂ ਦੀ ਨਿਯੁਕਤੀ ਸਾਲ 2008 ਜਾਂ ਇਸ ਤੋਂ ਬਾਅਦ ਦੀ ਹੈ ਅਤੇ ਉਹ ਮਿਤੀ 21.02.2014 (ਕੱਟ ਆਫ ਡੇਟ) ਤੱਕ ਮਾਸਟਰ ਕਾਡਰ ਦੀ ਪਦ-ਉੱਨਤੀ ਦੀਆਂ ਯੋਗਤਾਵਾਂ ਪੂਰੀਆਂ ਕਰਦੇ ਹਨ, ਉਹ ਆਪਣੇ ਪਦ-ਉੱਨਤੀ ਦੇ ਕੇਸ ਤਿਆਰ ਕਰਕੇ ਸਬੰਧਤ ਹੇਠਾਂ ਦਰਜ ਸਮਾਂ ਸਾਰਣੀ ਅਨੁਸਾਰ ਸਕਰੂਟਨੀ ਕਮੇਟੀ ਨੂੰ ਪੇਸ਼ ਕਰਨਗੇ।

| ਲੜੀ ਨੰਬਰ | ਮਾਸਟਰ ਕਾਡਰ ਦੇ ਜਿਸ ਵਿਸ਼ੇ ਦੇ ਕੇਸ ਲਏ ਜਾਣੇ ਹਨ | ਮਿਤੀ | ਸਮਾਂ | ਜਿਸ ਜਿਲੇ ਦੇ ਕੇਸ ਲਏ ਜਾਣੇ ਹਨ। | ਸਥਾਨ |
|---|---|---|---|---|---|
| 1 | ਮਾਸਟਰ ਕਾਡਰ ਦੇ ਸਾਰੇ ਵਿਸ਼ੇ | 29.07.2024 | 9.30 ਤੋਂ 5.00 ਵਜੇ ਤੱਕ | ਸੰਗਰੂਰ, ਹੁਸ਼ਿਆਰਪੁਰ, ਅੰਮ੍ਰਿਤਸਰ, ਗੁਰਦਾਸਪੁਰ, ਫਤਿਹਗੜ੍ਹ ਸਾਹਿਬ, ਸਅਸ ਨਗਰ, ਰੂਪਨਗਰ, ਫਿਰੋਜਪੁਰ, ਜਲੰਧਰ, ਕਪੂਰਥਲਾ, ਬਰਨਾਲਾ, ਮਾਨਸਾ | ਕਾਨਫਰੰਸ ਹਾਲ, ਛੇਵੀਂ ਮੰਜਿਲ, ਦ.ਐਸ.ਸੀ.ਈ.ਆਰ.ਟੀ., ਪੰਜਾਬ, ਪੰ.ਸ.ਸਿੱ.ਬੋ.ਕੰਪਲੈਕਸ, ਸੈਕਟਰ-62 ਮੋਹਾਲੀ, ਐਸ.ਏ.ਐਸ.ਨਗਰ |
| 2 | ਮਾਸਟਰ ਕਾਡਰ ਦੇ ਸਾਰੇ ਵਿਸ਼ੇ | 30.07.2024 | 9.30 ਤੋਂ 5.00 ਵਜੇ ਤੱਕ | ਪਟਿਆਲਾ, ਬਠਿੰਡਾ, ਫਾਜਿਲਕਾ, ਮੋਗਾ, ਲੁਧਿਆਣਾ, ਮਲੇਰਕੋਟਲਾ, ਤਰਨ-ਤਾਰਨ, ਸਭਸ ਨਗਰ, ਪਠਾਨਕੋਟ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ | |

4. ਉਕਤ ਵਰਣਿਤ ਰਿੱਟ ਪਟੀਸ਼ਨਾਂ ਤੋਂ ਇਲਾਵਾ ਜੇਕਰ ਕਿਸੇ ਹੋਰ ਕਰਮਚਾਰੀ (ਪਟੀਸ਼ਨਰ / ਨਾਨ-ਪਟੀਸ਼ਨਰ) ਦਾ ਲੈਫਟ ਆਊਟ ਕੇਸ ਬਣਦਾ ਹੋਵੇ ਤਾਂ ਉਹ ਵੀ ਉਕਤ ਦਰਸਾਈ ਸਮਾਂ ਸਾਰਣੀ ਅਨੁਸਾਰ ਆਪਣਾ ਕੇਸ ਸਕਰੀਨਿੰਗ ਕਮੇਟੀ ਨੂੰ ਪੇਸ਼ ਕਰਨਗੇ।
5. ਸਮੂਹ ਕਰਮਚਾਰੀ ਆਪਣੇ ਕੇਸ (ਨਿਯੁਕਤੀ ਪੱਤਰ ਦੀ ਕਾਪੀ, ਹਾਜਰੀ ਰਿਪੋਰਟ, ਵਿਦਿਅਕ ਯੋਗਤਾਵਾਂ ਦੇ ਸਰਟੀਫਿਕੇਟ (ਸਮੇਤ ਵਿਭਾਗੀ ਪ੍ਰਵਾਨਗੀ, ਜਿਥੇ ਲਾਗੂ ਹੋਵੇ), ਗੁਪਤ ਰਿਪੋਰਟਾਂ, ਸ਼ਿਕਾਇਤ ਪੜਤਾਲ ਪੈਡਿੰਗ ਨਾ ਹੋਣ ਦੇ ਸਰਟੀਫਿਕੇਟ ਆਦਿ) ਸਮੇਤ ਅਸਲ ਦਸਤਾਵੇਜਾਂ ਦੇ ਨਿੱਜੀ ਪੱਧਰ ਤੇ ਪੇਸ਼ ਕਰਨਗੇ ਅਤੇ ਆਪਣੇ ਬਣਦੇ ਕਲੇਮ ਸਬੰਧੀ ਦਸਤਾਵੇਜ, ਭਾਵ ਜੂਨੀਅਰ ਕਰਮਚਾਰੀ ਦੇ ਵੇਰਵੇ ਸਮੇਤ ਦਸਤਾਵੇਜਾਂ (ਜੂਨੀਅਰ ਕਰਮਚਾਰੀ ਦੀ ਇੰਟਰਸੇ ਸੀਨੀ. ਦਾ

ਸਬੰਧਤ ਪੰਨਾਂ ਆਦਿ) ਦੇ ਕੇਸ ਵਿੱਚ ਨੱਥੀ ਕਰਨਗੇ। ਸਮੂਹ ਕਰਮਚਾਰੀਆਂ ਵੱਲੋਂ ਆਪਣੇ ਕੇਸ ਸਬੰਧਤ ਸਕੂਲ ਮੁਖੀਆਂ / ਡੀ.ਡੀ.ਓ. ਵੱਲੋਂ ਪ੍ਰਤੀ ਹਸਤਾਖਰ ਕਰਵਾ ਕੇ ਦੇਣਗੇ।

(i) ਸ਼ਿਕਾਇਤ / ਪੜਤਾਲ, ਦੋਸ਼ ਸੂਚੀ ਪੈਡਿੰਗ ਨਾ ਹੋਣ ਦਾ ਸਰਟੀਫਿਕੇਟ ਮੌਜੂਦਾ ਸਮੇਂ ਦਾ ਅਤੇ ਜਿਸ ਮਿਤੀ ਤੋਂ ਪਦ-ਉੱਨਤੀ ਦੀ ਮੰਗ ਕੀਤੀ ਜਾ ਰਹੀ ਹੈ, ਉਸ ਮਿਤੀ ਦਾ, ਦੋਵੇਂ ਹੀ ਕੇਸ ਵਿੱਚ ਨੱਥੀ ਕੀਤੇ ਜਾਣੇ ਹਨ।

(ii) ਗੁਪਤ ਰਿਪੋਰਟਾਂ, ਜਿਸ ਸਾਲ ਤੋਂ ਪਦ-ਉੱਨਤੀ ਦੀ ਮੰਗ ਕੀਤੀ ਹੈ, ਉਸ ਤੋਂ ਪਿਛਲੇ ਪੰਜ ਸਾਲਾਂ ਦੀਆਂ ਅਤੇ ਮੌਜੂਦਾ ਗੁਪਤ ਰਿਪੋਰਟ (ਜਿਸ ਪੱਧਰ ਤੱਕ ਵੀ ਲਿਖੀ ਗਈ ਹੋਵੇ), ਦੀ ਕਾਪੀ ਕੇਸ ਵਿੱਚ ਨੱਥੀ ਕੀਤੀ ਜਾਣੀ ਹੈ।

(iii) ਪੰਜਾਬ ਰਾਜ ਤੋਂ ਬਾਹਰਲੇ ਰਾਜਾਂ ਤੋਂ ਵਿਦਿਅਕ / ਕਿੱਤਾ ਯੋਗਤਾਵਾਂ ਹਾਸਿਲ ਕਰਨ ਵਾਲੇ ਕਰਮਚਾਰੀ ਯੂ.ਜੀ.ਸੀ. ਦੀਆਂ ਗਾਈਡਲਾਈਨਜ਼ ਮੁਤਾਬਕ ਹੋਈਆਂ ਲਾਜਮੀ ਹਨ। ਪੀ.ਸੀ.ਪੀ. ਅਤੇ ਪੇਪਰ ਸਬੰਧਤ ਯੂਨੀਵਰਸਿਟੀ ਦੇ ਅਧਿਕਾਰ ਖੇਤਰ (Jurisdiction) ਵਿੱਚ ਦਿੱਤੇ ਹੋਣੇ ਲਾਜਮੀ ਹਨ।

6. ਸਬੰਧਤ ਕਰਮਚਾਰੀ ਹੇਠਾਂ ਦਰਜ ਤਰਤੀਬ ਅਨੁਸਾਰ ਕੇਸ ਤਿਆਰ ਕਰਨਗੇ-
   1. ਅਨੁਲੱਗ "ੳ"
   2. ਸਵੈ-ਘੋਸ਼ਣਾ ਪੱਤਰ
   3. ਪੰਜਾਬ ਰਾਜ ਤੋਂ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਯੋਗਤਾ ਹਾਸਲ ਕਰਨ ਵਾਲੇ ਕਰਮਚਾਰੀਆਂ ਵੱਲੋਂ ਦਿੱਤਾ ਜਾਣ ਵਾਲਾ ਸਵੈ-ਘੋਸ਼ਣਾ ਪੱਤਰ।
   4. ਨਿਯੁਕਤੀ ਪੱਤਰ ਦੀ ਕਾਪੀ
   5. ਹਾਜਰੀ ਰਿਪੋਰਟ।
   6. ਵਿੱਦਿਅਕ ਯੋਗਤਾਵਾਂ ਅਤੇ ਪ੍ਰੋਫੈਸ਼ਨਲ ਯੋਗਤਾਵਾਂ ਦੇ ਸਰਟੀਫਿਕੇਟ ਸਮੇਤ ਸਮਰੱਥ ਅਧਿਕਾਰੀਆਂ ਵੱਲੋਂ ਜਾਰੀ ਪ੍ਰਵਾਨਗੀ ਦੇ ਹੁਕਮਾਂ ਦੀਆਂ ਕਾਪੀਆਂ।
   7. ਰਿਜਰਵੇਸ਼ਨ ਸਬੰਧੀ ਸਰਟੀਫਿਕੇਟ।
   8. ਡੀ-ਬਾਰ ਨਾ ਹੋਣ ਸਬੰਧੀ ਸਰਟੀਫਿਕੇਟ।
   9. ਸ਼ਿਕਾਇਤ/ ਪੜਤਾਲ, ਦੋਸ਼ ਸੂਚੀ/ਕਾਰਨ ਦੱਸੋ ਨੋਟਿਸ, ਪੈਡਿੰਗ ਨਾ ਹੋਣ ਸਬੰਧੀ ਸਰਟੀਫਿਕੇਟ, ਜਿਸ ਮਿਤੀ ਤੋਂ ਪਦ-ਉੱਨਤੀ ਦੀ ਮੰਗ ਕੀਤੀ ਜਾ ਰਹੀ ਹੈ, ਉਸ ਮਿਤੀ ਦਾ ਨੱਥੀ ਕੀਤਾ ਜਾਵੇ ਅਤੇ ਮੌਜੂਦਾ ਸਥਿਤੀ ਸਬੰਧੀ ਵੀ ਇਹ ਸਰਟੀਫਿਕੇਟ ਨੱਥੀ ਕੀਤੇ ਜਾਣ।
   10. ਗੁਪਤ ਰਿਪੋਰਟਾਂ ਦੀਆਂ ਡੀ.ਡੀ.ਓ. ਵੱਲੋਂ ਤਸਦੀਕਸ਼ੁਦਾ ਕਾਪੀਆਂ, ਲੜੀ ਨੰਬਰ 5 (ii) ਅਨੁਸਾਰ ਨੱਥੀ ਕੀਤੀਆਂ ਜਾਣ।
   11. ਜਿੰਨਾ ਵਿਭਾਗੀ ਹੁਕਮਾਂ ਤਹਿਤ ਨੋਸ਼ਨਲ ਨਿਯੁਕਤੀ ਨਿਰਧਾਰਿਤ ਕੀਤੀ ਗਈ ਹੈ, ਉਸ ਦੀ ਕਾਪੀ ਜਾਂ ਜਿੰਨਾਂ ਅਦਾਲਤੀ ਹੁਕਮਾਂ ਤਹਿਤ ਨੋਸ਼ਨਲ ਨਿਯੁਕਤੀ ਨਿਰਧਾਰਿਤ ਕੀਤੀ ਗਈ ਹੈ, ਉਸ ਦੇ ਵੇਰਵੇ ਦਿੱਤੇ ਜਾਣ (ਫੈਸਲੇ ਦੀ ਕਾਪੀ ਨੱਥੀ ਕਰਨ ਦੀ ਲੋੜ ਨਹੀ ਹੈ)।

7. ਇਹ ਵੀ ਸਪੱਸ਼ਟ ਲਿਖਿਆ ਜਾਂਦਾ ਹੈ ਕਿ ਪੈਰਾ 5 ਵਿੱਚ ਦਰਸਾਈ ਗਈ ਸਮਾਂ ਸਾਰਣੀ ਅਨੁਸਾਰ ਪ੍ਰਾਪਤ ਕੇਸਾਂ ਵਿਚੋਂ ਯੋਗ ਕੇਸਾਂ ਨੂੰ ਸੀਨੀਆਰਤਾ ਅਨੁਸਾਰ ਸਬੰਧਤ ਵਿਸ਼ੇ ਦੇ, ਸਮੇਂ-ਸਮੇਂ ਤੇ ਉਪਲਬੱਧ ਕੋਟੇ ਦੀਆਂ ਖਾਲੀ ਆਸਾਮੀਆਂ ਦੀ ਗਿਣਤੀ ਅਨੁਸਾਰ ਹੀ ਵਿਚਾਰਿਆ ਜਾਵੇਗਾ ਅਤੇ ਵਿਭਾਗ ਸਕਰੂਟਨੀ ਕਮੇਟੀ ਨੂੰ ਪੇਸ਼ ਕੀਤੇ ਗਏ ਸਾਰੇ ਕੇਸਾਂ ਨੂੰ ਪਦ-ਉੱਨਤ ਕਰਨ ਲਈ Bound ਨਹੀਂ ਹੋਵੇਗਾ।

19/07/2024

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)